CLASS : 12th (Sr. Secondary) — Code No. 232

**Series : SS/Annual-2023**

ਰੋਲ ਨੰ. [ ]

***SET : B***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



downloaded from StudentSuvidha.com
Download all NOTES and PAPERS at StudentSuvidha.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

1. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਸਾਵੇ ਸਾਵੇ ਘਾਹ ਉੱਤੇ,

ਗਊਆਂ ਤੇ ਮੱਝੀਆਂ ਦਾ ਚਰਨਾ।

ਸਿਰ ਆਪਣੇ ਨੀਵੇਂ ਕੀਤੇ,

ਪਸ਼ੂਆਂ ਦਾ ਚੁੱਪ ਚੁਪੀਤੇ,

ਚੁਗਣਾ ਤੇ ਰੱਜਣਾ ਤੇ ਨੱਸਣਾ।

ਦੇਖ-ਦੇਖ ਮੁੜ-ਮੁੜ ਲੋਚਾ,

ਮੈਂ ਮੁੜ ਪਸ਼ੂ ਥੀਣ ਨੂੰ

ਆਦਮੀ ਬਣ-ਬਣ ਥੱਕਿਆ।

(ਅ) ਖ਼ਤ ਆਵੇਗਾ ਰੰਗ ਬਰਾਤੇ

ਖ਼ਤ ਆਵੇਗਾ ਅੰਮੀ ਦਾ

ਪੁੱਤਰ; ਇਉਂ ਨਹੀਂ ਭੁੱਲ ਜਾਈਦਾ

ਜਿਹੜੀ ਕੁੱਖੋਂ ਜੰਮੀ ਦਾ

ਖੜਾ ਖੜੋਤਾ ਹਾਲ ਤਾਂ ਪੁੱਛ ਜਾਂ

ਬੁੱਢੀ ਜਾਨ ਨਿਕੰਮੀ ਦਾ

ਉਮਰਾਂ ਵਾਂਗੂ ਅੰਤ ਵੀ ਹੁੰਦਾ

ਕਿਸੇ ਉਦਾਸੀ ਲੰਮੀ ਦਾ



downloaded from StudentSuvidha.com

Download all NOTES and PAPERS at StudentSuvidha.com

**2.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਰਾਧਾ ਸੰਦੇਸ਼

(ਅ) ਅੰਨਦਾਤਾ

(ੲ) ਕੰਡਿਆਲੀ ਥੋਰ੍ਹ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਲੱਖਾਂ ਗਰੀਬ ਮਜ਼ਦੂਰਾ ਦੇ ਹੰਝੂਆਂ ਤੇ ਪਲਣ ਵਾਲਾ ਹੁਸਨ-ਹੁਸਨ ਕਿਉਂ ਨਹੀਂ ? 2

(ਅ) ਜੰਗਲ ਦੇ ਵਿਚ ਰਾਤ ਪਈ ਹੈ, ਕਿਸ ਦਾ ਪ੍ਰਤੀਕ ਹੈ ? 2

(ੲ) ਚਾਰ ਕਦਮ ਮੇਰੇ ਨਾਲ ਤੁਰੇ ਤੇ ਫਿਰ ਭਾਵੇਂ ਮੁੜ ਆਵੇਂ ਕਾਵਿਸਤਰ ਕਿਸ ਕਵਿਤਾ ਦੀ ਹੈ ? 1

(i) ਉਸ਼ਾ

(ii) ਮੈਂ ਜਾ ਤੁਰਾ

(iii) ਰਾਧਾ ਸੰਦੇਸ਼

(iv) ਖੂਹ ਉੱਤੇ

(ਸ) 'ਟੁਕੜੀ ਜੱਗ ਤੋਂ ਨਯਾਰੀ' ਕਿਸ ਨੂੰ ਕਿਹਾ ਜਾਂਦਾ ਹੈ ? 1

(i) ਕਸ਼ਮੀਰ ਨੂੰ

(ii) ਜੰਮੂ ਨੂੰ

(iii) ਲਦਾਖ ਨੂੰ

(iv) ਅਸਾਮ ਨੂੰ



downloaded from StudentSuvidha.com
Download all NOTES and PAPERS at StudentSuvidha.com

**4.** ਹੇਠ ਲਿਖੇ ਵਾਰਤਕ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਆਪਣੇ ਸ਼ਬਦਾ ਵਿਚ ਲਿਖੋ : 7

(ੳ) ਕੌਮ ਲਈ ਕੁਰਬਾਨੀ

(ਅ) ਘਰ ਵਿਚ ਹੀ ਗੁਰਿਆਈ

(ੲ) ਸ਼ੀਸ਼ੇ ਸਾਹਮਣੇ

**5.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) ਮਲਕ ਭਾਗੋ ਤੇ ਭਾਈ ਲਾਲੋ ਲੇਖ ਦਾ ਕੀ ਉਦੇਸ਼ ਹੈ? 3

(ਅ) ਯੂਨੀਵਰਸਿਟੀ ਸ਼ਹਿਰ (ਐਨ ਆਰਬਰ) ਬਾਰੇ ਸੰਖੇਪ ਜਾਣਕਾਰੀ ਦਿਉ? 2

(ੲ) ਕਿਸ ਬੰਦੇ ਨੂੰ ਸੰਸਾਰ ਵਿਚ ਕੋਈ ਚੀਜ਼ ਭੈੜੀ ਜਾ ਕਰੂਪ ਨਹੀਂ ਲਗਦੀ? 2

(ਸ) ਬਾਬੇ ਵਰਿਆਮੇ ਦੀ ਦਿੱਬਦ੍ਰਿਸ਼ਟੀ ਲੇਖ ਕਿਸ ਲੇਖਕ ਦਾ ਹੈ? 1

downloaded from StudentSuvidha.com

**6.** 'ਸ਼ੋਭਾ-ਸ਼ਕਤੀ' ਨਾਟਕ ਦਾ ਉਦੇਸ਼ ਲਿਖੋ? 7

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦੀ ਨਾਇਕਾ ਦਾ ਪਾਤਰ ਚਿਤਰਨ ਕਰੋ।

**7.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਦੂਜੇ ਨਾਟ ਦਾ ਵਿਸ਼ਾ ਲਿਖੋ। 3

(ਅ) 'ਸ਼ੋਭਾ-ਸ਼ਕਤੀ' ਨਾਟਕ ਇਸਤਰੀ ਜਾਤੀ ਨੂੰ ਕੀ ਸੁਨੇਹਾ ਦਿੰਦਾ ਹੈ? 2

(ੲ) ਸ਼ੋਭਾ ਦੇ ਮਾਤਾ-ਪਿਤਾ ਦਾ ਕੀ ਨਾਂ ਹੈ? 2



Download all NOTES and PAPERS at StudentSuvidha.com

(ਸ) ਨਾਟਕ ਦੇ ਕੁਲ ਕਿੰਨੇ ਨਾਟ ਹਨ? 1

(i) ਦੋ (ii) ਤਿੰਨ

(iii) ਚਾਰ (iv) ਪੰਜ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਗੁਰੂ ਅਰਜਨ ਦੇਵ ਜੀ

(ਅ) ਸ਼ਾਹ ਮੁਹੰਮਦ

downloaded from StudentSuvidha.com

**9.** ਹੇਠ ਲਿਖੇ ਪ੍ਰਸ਼ਨਾ ਦੇ ਸਹੀ ਉੱਤਰ ਚੁਣੋ :

(i) ਪ੍ਰੋ. ਮੋਹਨ ਸਿੰਘ ਦਾ ਜਨਮ ਕਦੋਂ ਹੋਇਆ? 1

(ੳ) 1905 (ਅ) 1910

(ੲ) 1912 (ਸ) 1914

(ii) 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਕਿਸ ਕਵੀ ਦੀ ਹੈ? 1

(ੳ) ਸੁਰਜੀਤ ਪਾਤਰ (ਅ) ਅੰਮ੍ਰਿਤਾ ਪ੍ਰੀਤਮ

(ੲ) ਬਾਵਾ ਬਲਵੰਤ (ਸ) ਪ੍ਰੋ. ਮੋਹਨ ਸਿੰਘ



Download all NOTES and PAPERS at StudentSuvidha.com

(iii) ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਿਸਨੇ ਕੀਤੀ ? 1

(ੳ) ਗੁਰੂ ਨਾਨਕ ਦੇਵ ਜੀ

(ਅ) ਗੁਰੂ ਅਮਰਦਾਸ ਜੀ

(ੲ) ਗੁਰੂ ਅਰਜਨ ਦੇਵ ਜੀ

(ਸ) ਭਾਈ ਗੁਰਦਾਸ ਜੀ

**10.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਕਰਕੇ ਲਿਖੋ : $1 \times 10 = 10$

(ੳ) ਅਜੀਤ ਕੌਰ ਦੀ ਸਵੈ ਜੀਵਨੀ ਦਾ ਨਾਂ ਕੀ ਹੈ ?

(ਅ) 'ਜੰਗਨਾਮਾ ਸਿੰਘਾ ਤੇ ਫਰੰਗੀਆਂ ਦਾ ਕਿਸਦੀ ਰਚਨਾ ਹੈ ?

(ੲ) ਬਾਬਾ ਫਰੀਦ ਦੇ ਕਿੰਨੇ ਸ਼ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ?

(ਸ) ਪੰਜਾਬੀ ਵਿਚ ਸਭ ਤੋਂ ਵੱਧ ਕਹਾਣੀਆਂ ਕਿਸਨੇ ਲਿਖਿਆ ?

(ਹ) ਹਰਚਰਨ ਸਿੰਘ ਦਾ ਜਨਮ ਕਦੋਂ ਹੋਇਆ ?

(ਕ) ਪੰਜਾਬੀ ਰੰਗਮੰਚ ਦਾ ਪਿਤਾਮਾ ਕਿਸਨੂੰ ਕਿਹਾ ਜਾਂਦਾ ਹੈ ?

(ਖ) ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕੌਣ ਹੈ ?

(ਗ) ਗੁਰਬਖ਼ਸ਼ ਸਿੰਘ ਨੇ ਕਿਹੜਾ ਨਗਰ ਵਸਾਇਆ ?

(ਘ) ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ ?

(ਙ) ਭਾਈ ਵੀਰ ਸਿੰਘ ਦੀ ਕਿਹੜੀ ਪੁਸਤਕ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ।



downloaded from StudentSuvidha.com
Download all NOTES and PAPERS at StudentSuvidha.com

**11.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇਕ*** ਸਿਖਿਆ ਉੱਤੇ ਅਧਾਰਿਤ ਕਹਾਣੀ ਲਿਖੋ : 5

(ੳ) ਹੰਕਾਰਿਆ ਸੋ ਮਾਰਿਆ

(ਅ) ਏਕੇ ਵਿਚ ਬਰਕਤ

**12.** ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਲਿਖੋ : 5

ਅਨੁਸ਼ਾਸਨ ਮਨੁੱਖੀ ਜੀਵਨ ਵਿਚ ਮੱਹਤਵਪੂਰਨ ਸਥਾਨ ਰਖਦਾ ਹੈ। ਅਨੁਸ਼ਾਸਨ ਦਾ ਮਤਲਬ ਹੈ - ਨਿਯਮਾਂ ਅਤੇ ਕਾਨੂੰਨਾ ਦੀ ਪਾਲਣਾ ਕਰਨਾ। ਅਨੁਸ਼ਾਸਨ ਹਰ ਸਭਿਅਕ ਸਮਾਜ ਦੀ ਨੀਂਹ ਹੁੰਦਾ ਹੈ। ਇਹੀ ਮੱਨੁਖੀ ਸ਼ਖਸੀਅਤ ਨੂੰ ਬੁਲੰਦੀਆਂ ਦਾ ਤਾਜ ਪਹਿਨਾਉਂਦਾ ਹੈ ਤੇ ਇਸ ਦੀ ਅਣਹੋਂਦ ਉਸਨੂੰ ਮਿੱਟੀ ਵਿਚ ਮਿਲਾ ਦਿੰਦੀ ਹੈ। ਇਹ ਮੱਨੁਖੀ ਚਰਿਤਰ ਦੀ ਗੀੜ੍ਹ ਦੀ ਹੱਡੀ ਮੰਨਿਆਂ ਜਾਂਦਾ ਹੈ। ਅਨੁਸ਼ਾਸਨ ਬਿਨਾਂ ਮੱਨੁਖੀ ਜੀਵਨ ਉਸ ਬੇੜੀ ਵਾਂਗ ਹੁੰਦਾ ਹੈ ਜਿਸ ਦਾ ਕੋਈ ਮਲਾਹ ਹੀ ਨਾ ਹੋਵੇ। ਸਾਨੂੰ ਆਪਣੇ ਜੀਵਨ ਵਿਚ ਅਨੁਸ਼ਾਸਨ ਨੂੰ ਵੱਧ ਤੋਂ ਵੱਧ ਅਪਨਾਉਣਾ ਚਾਹੀਦਾ ਹੈ। ਇਹ ਇਕ ਕੀਮਤੀ ਖਜਾਨਾ ਹੈ ਜਿਸ ਦੀ ਸੰਭਾਲ ਕਰਕੇ ਅਸੀਂ ਸੁੱਖ, ਆਰਾਮ, ਖੁਸ਼ਹਾਲੀ ਤੇ ਸਨਮਾਨ ਨੂੰ ਪ੍ਰਾਪਤ ਕਰਦੇ ਹਾਂ।

downloaded from StudentSuvidha.com



Download all NOTES and PAPERS at StudentSuvidha.com